2022/05/07
30/8/2022

ਚੋਣਕਾਰ ਰਜਿਸਟਰੇਸ਼ਨ ਅਫਸਰ ਵਿਧਾਨ ਸਭਾ ਚੋਣ ਹਲਕਾ 095 ਕਮ ਉਪ ਮੰਡਲ ਮੈਜਿਸਟਰੇਟ ਮੌੜ।
OFFICE OF THE SUB DIVISIONAL MAGISTRATE-CUM-ELECTORAL REGISTRATION OFFICE 095 MAUR A.C.

ਪੱਤਰ ਨੰ..1191-24

ਮਿਤੀ..29/..08/2022

ਮਿਤੀ ਬੱਧ/ਅਤੀ ਜਰੂਰੀ

ਵੱਲ,

1. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ/ ਐਲੀਮੈਂਟਰੀ), ਬਠਿੰਡਾ।
2. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮੌੜ/ ਰਾਮਪੁਰਾ।
3. ਉਪ ਮੰਡਲ ਅਫਸਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਰਾਮਪੁਰਾ/ ਮੌੜ।
4. ਸੀਨੀਅਰ ਮੈਡੀਕਲ ਅਫਸਰ ਭਗਤਾ ਭਾਈ ਕਾ/ਬਾਲਿਆਵਾਲੀ/ਤਲਵੰਡੀ ਸਾਬੋ। ਰਾਮਪੁਰਾ
5. ਸਕੱਤਰ ਮਾਰਕਿਟ ਕਮੇਟੀ,ਮੌੜ।
6. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਮੌੜ।
7. ਖੇਤੀਬਾੜੀ ਅਫਸਰ, ਮੌੜ/ਬਠਿੰਡਾ।
8. ਕਾਰਜਕਾਰੀ ਇੰਜੀਨਿਅਰ ਪੀ.ਐਸ.ਪੀ.ਸੀ.ਐਲ ਮੌੜ।
9. ਉਪ ਮੰਡਲ ਅਫਸਰ (ਨਹਿਰੀ ) ਤਲਵੰਡੀ ਸਾਬੋ।
10. ਸਹਾਇਕ ਖੁਰਾਕ ਅਤੇ ਸਪਲਾਈਜ ਅਫਸਰ, ਮੌੜ।

ਵਿਸ਼ਾ- ਯੋਗਤਾ ਮਿਤੀ 01/01/2023 ਦੇ ਆਧਾਰ ਤੇ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਅਤੇ ਵੋਟਰ ਕਾਰਡਾਂ ਨੂੰ ਆਧਾਰ ਕਾਰਡਾਂ ਨਾਲ ਲਿੰਕ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮੁੱਖ ਚੋਣ ਅਫਸਰ, ਪੰਜਾਬ ਅਤੇ ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵੱਲੋ ਪ੍ਰਾਪਤ ਹੋਏ ਆਦੇਸ਼ਾ ਅਨੁਸਾਰ ਮਿਤੀ 01/08/2022 ਤੋਂ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਅਤੇ ਸਮੂਹ ਵੋਟਰ ਕਾਰਡਾਂ ਨੂੰ ਆਧਾਰ ਕਾਰਡ ਨਾਲ ਲਿੰਕ ਕੀਤਾ ਜਾਣਾ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਦੇ ਕਰਮਚਾਰੀ ਜੋ ਕਿ ਇਸ ਹਲਕੇ ਵਿੱਚ ਬਤੌਰ ਬੂਥ ਲੈਵਲ ਅਫਸਰ ਕੰਮ ਕਰ ਰਹੇ, ਨੂੰ ਹਦਾਇਤ ਕੀਤੀ ਜਾਵੇ ਕਿ ਉਹ ਵੋਟਰ ਕਾਰਡਾ ਨੂੰ ਅਧਾਰ ਕਾਰਡਾ ਨਾਲ ਲਿੰਕ ਕਰਨ ਦਾ ਕੰਮ ਗਰੁੱੜਾ ਐਪ ਰਾਹੀਂ ਸੁਰੂ ਕਰਨ ਤੇ ਸਬੰਧਤ ਸੁਪਰਵਾਈਜਰ ਹਰ ਹਫਤੇ ਨਿਮਨਸਤਾਖਰ ਨੂੰ ਰਿਪੋਰਟ ਕਰਨਾ ਯਕੀਨੀ ਬਣਾਈ ਜਾਵੇ।

ਇਸ ਤੋਂ ਇਲਾਵਾ ਸਮੂਹ ਵਿਭਾਗਾ ਦੇ ਮੁਖੀਆ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸਮੂਹ ਬੀ.ਐੱਲ.ਓਜ. (ਹਲਕਾ 095 ਮੌੜ) ਵੱਲੋਂ ਵੋਟਰ ਸੂਚੀਆ ਦੀ ਸਰਸਰੀ ਸੁਧਾਈ ਤੇ ਸਮੂਹ ਵੋਟਰ ਕਾਰਡਾਂ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦਾ ਕੰਮ ਕਰਨ ਲਈ ਹਫਤੇ ਵਿੱਚ ਦੋ ਦਿਨ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਇਹਨਾਂ ਨੂੰ ਇਹਨਾਂ ਦੀ ਡਿਊਟੀ ਤੋ ਫਾਰਗ ਕੀਤਾ ਜਾਵੇਗਾ। ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਦੋ ਅਧਿਆਪਕਾ ਦੀ ਡਿਊਟੀ ਬੀ.ਐੱਲ.ਓ ਲੱਗੀ ਹੋਈ ਹੈ, ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਵਿੱਚ ਇਕ ਹੀ ਅਧਿਆਪਕ ਹੈ ਤੇ ਉਹ ਬੀ.ਐੱਲ.ਓ ਲੱਗਾ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ/ਐਲੀਮੈਂਟਰੀ ਬਠਿੰਡਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਇੰਤਜਾਮ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਕੰਮ ਨੂੰ ਨਿਰਵਿਘਨਤਾ ਨਾਲ ਕੀਤਾ ਜਾ ਸਕੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਵਿਧਾਨ ਸਭਾ ਹਲਕਾ 095 ਮੌੜ।

ਪਿੱਠ ਅੰਕਣ ਨੰ..1195-96 ਮਿਤੀ..29/8./2022

ਇਸ ਦਾ ਇੱਕ ਉਤਾਰਾਂ.-

1. ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ। ਕਿ ਉਕਤ ਬੀ.ਐੱਲ.ਓਜ ਨਾਲ ਤਾਲਮੇਲ
2. ਸਮੂਹ ਸੁਪਰਵਾਇਜਰਜ 095 ਮੌੜ ਪਾਸ ਭੇਜਕੇ ਲਿਖਿਆ ਜਾਂਦਾ ਹੈ ਕਰਕੇ ਰਿਪੋਰਟ ਇਸ ਦਫਤਰ ਪਾਸ ਭੇਜੀ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਵਿਧਾਨ ਸਭਾ ਹਲਕਾ 095 ਮੌੜ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਬਠਿੰਡਾ
ਪਿਠ ਅੰਕਣ ਨੰ: ਜੀ-4/ ( )2022/ 122 ਮਿਤੀ: 30/08/2022
ਉਕਤ ਦਾ ਉਤਾਰਾ ਸਮੂਹ ਸੈਂਟਰ ਮੁੱਖੀਆਂ (095 ਮੌੜ) ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਐ.ਸਿ)
ਬਠਿੰਡਾ ਜੀਓ